# ਸੂਰਜ ਕਿਰਨਾਂ

ਅਪਰੈਲ, ੨੦੧੨ ਐਡੀਸ਼ਨ:੧ ਅੰਕ ਸੰਪਾਦਕ: ਪਰਮਜੀਤ ਕੌਰ ਕੰਗ

ਪੰਨਾ ੧ ਤਾਜ਼ੀਆਂ ਖ਼ਬਰਾਂ
ਪੰਨਾ ੨ ਕਵਿਤਾ ਪੰਨਾ
ਪੰਨਾ ੩ ਕਾਰਟਨ ਪੰਨਾ
ਪੰਨਾ ੪ ਫਿਲਮੀ ਵਿਸ਼ੇਸ਼

## ਤਾਜ਼ੀ ਖਬਰ

## ਵਿਸਾਖੀ ਮੁਬਾਰਕ

### ਹੈੱਡ-ਵੇਅ ਸਕੂਲ ਦੇ ਬੱਚਿਆਂ ਨੇ ਵਿਸਾਖੀ ਮਨਾਈ

ਅਪ੍ਰੈਲ ੯: ਹੈੱਡ-ਵੇਅ ਸਕੂਲ ਦੇ ਵਿਦਿਆਰਥੀਆਂ ਨੇ ਆਪਣੇ ਸਕੂਲ ਦੀ ਨਵੀਂ ਇਮਾਰਤ ਵਿੱਚ ਵਿਸਾਖੀ ਮਨਾਈ। ਅਪ੍ਰੈਲ ੩ ਨੂੰ ਵਿਸਾਖੀ ਦੇ ਜਸ਼ਨ ਵਿੱਚ ਵਿਦਿਆਰਥੀਆਂ ਨੇ ਗਿੱਧੇ ਅਤੇ ਭੰਗੜੇ ਦਾ ਪ੍ਰਦਰਸ਼ਨ ਕੀਤਾ। ਇਸ ਮੌਕੇ ਤੇ ਮਾਸਟਰ ਜਸਬੀਰ ਸਿੰਘ ਗਿੱਲ ਨੇ ਸਟੇਜ ਸੰਭਾਲੀ ਅਤੇ ਮੁੱਖ ਅਧਿਆਪਕ ਜਗਵਿੰਦਰ ਸਿੰਘ ਸਿੱਧੂ ਨੇ ਸਰੋਤਿਆਂ ਨੂੰ ਸੰਬੋਧਨ ਕੀਤਾ। ਇਸ ਮੌਕੇ ਤੇ ਸਕੂਲ ਦੇ ਹੁਸ਼ਿਆਰ ਬੱਚਿਆਂ ਕਲਾਕਾਰਾ ਨੂੰ ਸਨਮਾਨਿਤ ਕੀਤਾ ਗਿਆ।



## ਐਡਮਿੰਟਨ ਦੇ ਮੌਸਮ ਦਾ ਹਾਲ

| | ਸ਼ਨਿੱਚਰਰ ਸ਼ਾਮ | ਸ਼ਨਿੱਚਰਵਾਰ ਰਾਤ | ਐਤਵਾਰ ਸਵੇਰ | ਐਤਵਾਰ ਦੁਪਹਿਰ | ਐਤਵਾਰ ਸ਼ਾਮ |
|---|---|---|---|---|---|
| | ਬੱਦਲਵਾਈ | ਬਰਫ਼ ਪਵੇਗੀ | ਵਰਖਾ ਅਤੇ ਬੱਦਲਵਾਈ | ਬੱਦਲਵਾਈ | ਖਿੰਡਵੇਂ ਬੱਦਲ |
| ਤਾਪਮਾਨ | -5°C | -5°C | 3°C | 5°C | 3°C |
| ਮਹਿਸੂਸ | -11 | -11 | 0 | - | - |
| ਹਵਾਵਾਂ | ੧੫ ਕਿ. ਮੀ. | ੧੫ ਕਿ.ਮੀ. | ੧੦ ਕਿ. ਮੀ | ੫ ਕਿ. ਮੀ | ੫ ਕਿ. ਮੀ |
| ਨਮੀ | 86% | 86% | 81% | 81% | 81% |
| ਬਰਫ਼ | 30% | 60% | 40% | 30% | 30% |
| | - | ਇੱਕ ਸੈਟੀਮੀਟਰ ਤੋ ਘੱਟ | | - | - |


Musicsongz.com
ਅਣਜਾਣ ਅਸੀ ਨਾ ਪਰਖ ਸਕੇ
ਤੇਰੇ ਹੁਸਨ ਦੀਆਂ ਚਤੁਰਾਈਆਂ ਨੂੰ
ਕਿਹੜੇ ਦਿਲ ਦੇ ਕੋਨੇ ਵਿੱਚ ਰੱਖੀਏ
ਤੈਥੋਂ ਮਿਲੀਆਂ ਰੁਸਵਾਈਆਂ ਨੂੰ
ਅੱਜ ਮੋੜ ਦਿਤੇ ਖਤ ਸਾਡੇ ਤੈਂ
ਸਦਕੇ ਨੀ ਤੇਰੇ ਜੇਰੇ ਲਈ
ਕਿਤੇ ਕੱਲੀ ਬਹਿ ਕੇ ਸੋਚੀ ਨੀ
ਅਸੀ ਕੀ ਨਈ ਕੀਤਾ ਤੇਰੇ ਲਈ


ਕਦੇ ਵੀ ਕਿਸੇ ਦਾ ਮਾੜਾ ਨਹੀਓ ਤੱਕਦੇ,
ਉਹਦੀ ਰਜ਼ਾ ਵਿੱਚ ਰਹੀਏ ਸਦਾ ਹੱਸਦੇ,
ਸਾਨੂੰ ਪੱਗਾਂ ਫੱਬਦੀਆਂ ਨੇਂ, ਸਾਡੀ ਵੱਖਰੀ ਟੌਹਰ ਨਵਾਬੀ..
ਸਾਡੀ ਤੋਰ ਹੈ ਸ਼ੇਰਾਂ ਜਿਹੀ, ਸਾਨੂੰ ਕਹਿੰਦੇ ਲੋਕ ਪੰਜਾਬੀ...
Vehle.com


ਪੰਜਾਬੀ ਮੇਰੀ ਜਾਨ ਵਰਗੀ
ਪੰਜਾਬੀ ਮੇਰੀ ਪਹਿਚਾਣ ਵਰਗੀ
ਪੰਜਾਬੀ ਬਜ਼ੁਰਗ ਦੀ ਦੁਆ ਵਰਗੀ
ਪੰਜਾਬੀ ਨਿਰੀ ਖ਼ੁਦਾ ਵਰਗੀ
ਪੰਜਾਬੀ ਨਾਨਕ ਦੀ ਰਬਾਬ ਵਰਗੀ
ਪੰਜਾਬੀ ਕੋਰੇ ਜਵਾਬ ਵਰਗੀ
ਪੰਜਾਬੀ ਵਾਰਿਸ ਦੀ ਹੀਰ ਵਰਗੀ
ਪੰਜਾਬੀ ਨੈਣਾਂ ਦੇ ਨੀਰ ਵਰਗੀ
ਭੁੱਲ ਕੇ ਵੀ ਨਾ ਭੁੱਲਾਉਣਾ ਉਸਨੂੰ
ਕਿਉਂਕਿ ਪੰਜਾਬੀ ਹੈ ਸਾਡੀ ਮਾਂ ਵਰਗੀ . . .


ਇਥੇ ਹਰ ਕੋਈ ਯਾਰਾ ਸਾਧ ਬਣੇ
ਤੇ ਦੂਜੇ ਨੂੰ ਪਿਆ ਚੋਰ ਕਿਹੇ
ਇਥੇ ਦਿਲ ਅੰਦਰ ਗੱਲ ਹੋਰ ਰਹੇ
ਪਰ ਬੁਲਾਂ ਤੇ ਗਲ ਹੋਰ ਰਹੇ
Musicsongz.com
ਮੂੰਹ ਰਾਮ ਬਗਲ ਵਿਚ ਛੁਰੀਆਂ ਨੇ
ਤੂੰ ਜਿਗਰ ਬਚੌਂਦਾਂ ਰਹਿ ਸਜਣਾ
ਇਹ ਦੁਨਿਆ ਚੰਦਰੀ ਸਾਕ ਜਿਹੀ
ਚੁਪ ਚਾਪ ਨਿਭਓਂਦਾ ਰਹਿ ਸਜਣਾ
Musicsongz.com


ਵੱਢੇ ਨਹੀਂ ਸੀ ਜਾਂਦੇ ਜੋ ਕਿਰਪਾਨਾਂ ਤੋਂ
ਅੱਜ ਕਤਲ ਹੋ ਗਏ
ਉਹ ਮਿੱਠੀਆਂ ਮੁਸਕਾਨਾਂ ਤੋਂ.........
ਜ਼ੁਲਫਾਂ ਦੇ ਸੱਪ ਡੰਗ ਦਿਲਾਂ ਤੇ ਮਾਰ ਗਏ
ਇਹ ਸੱਪਾਂ ਦੇ ਜ਼ਹਿਰ ਉਤਾਰੇ ਨਹੀਂ ਜਾਂਦੇ
ਪੁਲਿਸ ਕਹੇ ਅਸੀਂ ਝੂਠੀਆਂ ਰਪਟਾਂ
ਕਿੰਝ ਲਿੱਖੀਏ...........?
ਅੱਖੀਆਂ ਦੇ ਨਾਲ ਬੰਦੇ ਮਾਰੇ ਨਹੀ ਜਾਂਦੇ
HARMINDER DHAMI MANI


ਜਿਹਨਾਂ ਅੰਦਰ ਅਜ਼ਾਦੀ ਦਾ ਚਾਅ ਹੁੰਦਾ
ਬਾਜ਼ੀ ਜਾਨ ਦੀ ਲਾਉਣ ਲਈ ਤੁੱਲ ਜਾਂਦੇ
ਤੋੜ ਟਾਹਣੀਂ ਨਾਲੋਂ ਭੁੰਜੇ ਸੁੱਟੋ ਭਾਵੇਂ
ਪਰ ਮਹਿਕਣੋਂ ਫੇਰ ਵੀ ਨਹੀ ਫੁੱਲ ਜਾਂਦੇ
ਸੇਵਾ ਦੇਸ਼ ਤੇ ਕੌਮ ਦੀ ਕਰਨ ਦੇ ਲਈ
ਖ਼ੂਨ ਲੱਖਾਂ ਹੀ ਵੀਰਾਂ ਦੇ ਡੁੱਲ ਜਾਂਦੇ
ਕਿਉਂ ਕੇਵਲ......................
ਕਿ ਜਦ ਭਗਤ ਸਿੰਘ ਵਰਗੇ
ਜਾਨਾਂ ਵਾਰਦੇ ਨੇ...................
ਝੰਡੇ ਉਦੋਂ ਅਜ਼ਾਦੀ ਦੇ ਝੁੱਲ ਜਾਂਦੇ
HARMINDER DHAMI MANI

## ਸੋਚਾਂ ਨਵੀਆਂ ਹੋ ਗਈਆਂ ਹਨ ਤਨੂਸ੍ਰੀ ਦੱਤਾ ਦੀਆਂ



ਸਵਾ ਕੁ ਪੰਜ ਸਾਲ ਤਨੂਸ੍ਰੀ ਦੱਤਾ ਨੂੰ ਫਿਲਮੀ ਦੁਨੀਆ 'ਚ ਪੈਰ ਧਰਿਆਂ ਹੋ ਗਏ ਹਨ। ਜਦ ਹਿੰਦੀ 'ਚ ਘੱਟ ਗੱਲ ਬਣੀ ਤਦ ਉਹ ਤਾਮਿਲ ਫਿਲਮਾਂ ਵੱਲ ਚਲੀ ਗਈ। ਉਹ ਜਾਣਦੀ ਹੈ ਕਿ ਅੱਜ ਦੱਖਣ ਦਾ ਆਕਰਸ਼ਣ ਤੇ ਕੀਮਤ ਹਿੰਦੀ ਫਿਲਮਾਂ ਦੇ ਬਰਾਬਰ ਹੈ। ਉਸ ਦੀ ਤਾਮਿਲ ਫਿਲਮ ਸੀਰਤ ਪਲਈ ਕਾਫ਼ੀ ਚੱਲ ਨਿਕਲੀ ਹੈ। ਅਪਾਰਟਮੈਂਟ, ਰੋਕ, ਰਾਮਾ ਦਾ ਸੇਵੀਅਰ 'ਚ ਵੀ ਤਨੂ ਸ੍ਰੀ ਦਾ ਕੰਮ ਠੀਕ-ਠਾਕ ਸੀ। ਇਸ ਦੌਰਾਨ ਉਸਨੇ ਆਪਣੇ-ਆਪ ਨੂੰ ਤਬਦੀਲ ਕਰ ਲਿਆ ਤੇ ਆਪਣਾ ਆਤਮ-ਮੰਥਨ ਕਰ ਰਹੀ ਹੈ। ਇਸ ਸਮੇਂ ਉਹ ਕੋਇੰਬਟੂਰ ਦੇ ਆਸ਼ਰਮ 'ਚ ਵਾਸੂਦੇਵ ਜੱਗੀ ਜੀ ਮਹਾਰਾਜ ਦੀ ਚੇਲੀ ਬਣੀ ਹੋਈ ਹੈ। ਉਥੋਂ ਉਸ ਨੇ ਧਿਆਨ ਤੇ ਯੋਗ ਦੀ ਸਿੱਖਿਆ ਲਈ ਹੈ। ਤਰੋਤਾਜ਼ਾ ਹੋ ਕੇ ਤਨੂਸ੍ਰੀ ਦੱਤਾ ਫਿਲਮੀ ਕਹਾਣੀਆਂ ਸੁਣ ਰਹੀ ਹੈ ਤੇ ਛੇਤੀ ਹੀ ਨਵੀਆਂ ਫਿਲਮਾਂ ਪ੍ਰਾਪਤ ਕਰੇਗੀ। ਅੱਜਕੱਲ੍ਹ ਉਹ ਫਿਲਮੀ ਗੱਲਾਂ ਨਾਲੋਂ ਜੀਵਨ ਜਾਚ ਦੀਆਂ ਗੱਲਾਂ ਜ਼ਿਆਦਾ ਕਰ ਰਹੀ ਹੈ।

ਉਹ ਮੰਨਦੀ ਹੈ ਕਿ ਜ਼ਿਆਦਾ ਕੰਮਕਾਰ ਦਿਮਾਗੀ ਬੋਝ ਪੈਦਾ ਕਰਦਾ ਹੈ ਪਰ ਜੱਗੀ ਜੀ ਮਹਾਰਾਜ ਨੇ ਪਹਿਲੀ ਸਿੱਖਿਆ ਇਹ ਦਿੱਤੀ ਹੈ ਕਿ ਰੱਬ ਨੂੰ ਯਾਦ ਕਰੋ ਪਰ ਦੁਨੀਆਦਾਰੀ ਨਾ ਛੱਡੋ। ਕਾਫ਼ੀ ਪਤਲੀ ਹੋ ਚੁੱਕੀ ਤਨੂਸ੍ਰੀ ਦੱਤਾ 'ਚ ਆਤਮ-ਵਿਸ਼ਵਾਸ ਭਰ ਗਿਆ ਹੈ। ਹੁਣ ਉਸ ਨੂੰ ਨੀਂਦ ਵੀ ਚੰਗੀ ਆਉਣ ਲੱਗ ਪਈ ਹੈ ਤੇ ਉਹ ਸ਼ਾਕਾਹਾਰੀ ਵੀ ਹੋ ਗਈ ਹੈ। ਤਨੂਸ੍ਰੀ ਦੀਆਂ ਸੋਚਾਂ ਵੀ ਨਵੀਆਂ ਹੋ ਗਈਆਂ ਹਨ।

## ਆਖਰ ਨੇਹਾ ਦੇ ਫਿਲਮੀ ਕੈਰੀਅਰ 'ਚ ਵੀ ਬਹਾਰ ਆਈ



ਆਖਿਰ ਨੇਹਾ ਧੂਪੀਆ ਦੇ ਫਿਲਮੀ ਕੈਰੀਅਰ 'ਚ ਵੀ ਬਹਾਰ ਆਈ ਹੈ। ਜੂਲੀ ਵਾਲੀ ਇਮੇਜ ਨੇ ਨੇਹਾ ਨੂੰ ਜਕੜ ਕੇ ਰੱਖ ਦਿੱਤਾ ਸੀ। ਫੰਸ ਗਏ ਰੇ ਓਬਾਮਾ ਤੇ ਗਾਂਧੀ ਟੂ ਹਿਟਲਰ ਫਿਲਮਾਂ ਨੇ ਦਰਸਾਇਆ ਸੀ ਕਿ ਨੇਹਾ ਹੁਣ ਗੰਭੀਰ ਤੇ ਅਰਥ ਭਰਪੂਰ ਕਿਰਦਾਰ ਵੀ ਨਿਭਾਉਣ ਲੱਗ ਪਈ ਹੈ ਕਿਉਂਕਿ ਉਸ ਦਾ ਭਵਿੱਖ ਰੋਸ਼ਨ ਹੈ। ਗਾਂਧੀ ਟੂ ਹਿਟਲਰ ਸੱਚਮੁੱਚ ਉਸ ਲਈ ਡੀਅਰ ਫਰੈਂਡ ਹਿਟਲਰ ਅਰਥਾਤ ਚੰਗੀ ਤੇ ਪੱਕੀ ਆੜੀ ਨਿਭਾਉਣ ਵਾਲੀ ਫਿਲਮ ਸਾ'ਤ ਹੋਈ ਹੈ। ਹੁਣ ਨੇਹਾ ਦਿਨ-ਰਾਤ ਇਕ ਕਰਕੇ ਨਵੀਂ ਫਿਲਮ ਰਫਤਾਰ ਲਈ ਰੁਝੀ ਹੋਈ ਹੈ। ਰਫਤਾਰ ਨਾਲ ਉਸ ਦਾ ਕੈਰੀਅਰ ਸੱਚਮੁੱਚ ਰਫਤਾਰ ਫੜ ਸਕਦਾ ਹੈ। ਆਖਿਰ ਉਸ ਨੂੰ ਚਰਚਿਤ ਨਾਇਕ ਇਮਰਾਨ ਹਾਸ਼ਮੀ ਨਾਲ ਇਹ ਫਿਲਮ ਮਿਲੀ ਹੈ। ਨੇਹਾ ਹੱਸ ਕੇ ਪੱਤਰਕਾਰਾਂ ਨੂੰ ਸੰਬੋਧਿਤ ਹੁੰਦੀ ਆਖਦੀ ਹੈ ਕਿ ਇਹ ਫਿਲਮ ਪੱਤਰਕਾਰਤਾ 'ਤੇ ਆਧਾਰਿਤ ਹੈ। ਇਸ ਲਈ ਉਸ ਦੀ ਮਦਦ ਕਰੋ। ਇਹ ਫਿਲਮ ਸਵਰਗੀ ਨਿਰਦੇਸ਼ਕ ਸ਼ਮੀਨ ਡੇਸਾਈ ਨੂੰ ਸਮਰਪਿਤ ਹੋਵੇਗੀ। ਸ਼ਮੀਨ ਪ੍ਰਤੀ ਪਰਸੈਪਟ ਪਿਕਚਰਜ਼ ਕਾਫ਼ੀ ਭਾਵਨਾ ਦਿਖਾ ਰਹੀ ਹੈ ਤੇ ਜ਼ੋਰ-ਸ਼ੋਰ ਨਾਲ ਰਫਤਾਰ ਨੂੰ ਮੁਕੰਮਲ ਕਰਵਾ ਰਹੀ ਹੈ। ਨੇਹਾ ਆਪਣੀ ਇਸ ਫਿਲਮ ਤੋਂ ਵੱਡੀਆਂ ਆਸਾਂ ਲਾਈ ਬੈਠੀ ਹੈ। ਇਮਰਾਨ ਹਾਸ਼ਮੀ ਵੀ ਨੇਹਾ ਦੀ ਤਾਰੀਫ਼ ਕਰ ਰਿਹਾ ਹੈ ਤੇ ਉਸ ਨੂੰ ਸਹਿਯੋਗੀ ਅਭਿਨੇਤਰੀ ਦੱਸ ਰਿਹਾ ਹੈ। ਨੇਹਾ ਵੀ ਦੋ ਕਦਮ ਅੱਗੇ ਜਾ ਕੇ ਇਮਰਾਨ ਹਾਸ਼ਮੀ ਨੂੰ ਮਹਾਨ ਅਭਿਨੇਤਾ ਦਾ ਦਰਜਾ ਦੇ ਰਹੀ ਹੈ। ਨੇਹਾ ਨੇ ਰਫਤਾਰ 'ਚ ਚਮਕ-ਦਮਕ ਦਾ ਤੜਕਾ ਵੀ ਲਾਇਆ ਹੈ।

## ਮੁਸਕਰਾਉਂਦੇ ਚਿਹਰੇ ਵਾਲੀਆਂ ਭੂਮਿਕਾਵਾਂ ਨੂੰ ਪਹਿਲ ਦੇਣਾ ਚਾਹੁੰਦੀ ਹੈ ਚਿਤਰਾਂਗਦਾ

ਹਿਸਾਰ 'ਚ ਜਨਮੀ 35 ਸਾਲਾ ਚਿਤਰਾਂਗਦਾ ਦਾ ਫਿਲਮੀ ਕੈਰੀਅਰ ਵਧੀਆ ਹੀ ਰਿਹਾ ਹੈ। ਫਿਲਮੀ ਕੈਰੀਅਰ ਦੇ ਨਾਲ ਹੀ ਉਸ ਦੀ ਸ਼ਾਦੀ-ਸ਼ੁਦਾ ਜ਼ਿੰਦਗੀ ਵੀ ਵਧੀਆ ਚਲ ਰਹੀ ਹੈ। ਚਿਤਰਾਂਗਦਾ ਦੀ ਸ਼ਾਦੀ ਭਾਰਤੀ ਗੋਲਫ਼ ਖਿਡਾਰੀ ਜੋਤੀ ਰੰਧਾਵਾ ਨਾਲ ਦਸ ਸਾਲ ਪਹਿਲਾਂ ਹੋਈ ਸੀ ਤੇ ਇਕ ਬੇਟਾ ਵੀ ਹੈ। ਚਿੱਤਰਾਂਗਦਾ ਦਾ ਨਾਂਅ ਉਸ ਦੀ ਮੰਮੀ ਦੁਆਰਾ ਮਹਾਂਭਾਰਤ 'ਚ ਚਿਤਰਾਂਗਦਾ ਦਾ ਕਿਰਦਾਰ ਨਿਭਾਏ ਜਾਣ ਕਰਕੇ ਹੀ ਰੱਖਿਆ ਗਿਆ। ਚਿਤਰਾਂਗਦਾ ਦਾ ਇਕ ਵੀਡੀਓ ਗੁਲਜ਼ਾਰ ਸਾਹਿਬ ਦਾ ਲਿਖਿਆ ਗਾਇਕ ਅਭਿਜੀਤ ਦੀ ਆਵਾਜ਼ 'ਚ ਆਇਆ ਤਾਂ ਉਸ ਦੀ ਸ਼ੁਰੂਆਤ ਬਾਲੀਵੁੱਡ 'ਚ ਧਮਾਕੇਦਾਰ ਰਹੀ।

## ਫੈਸ਼ਨ ਸ਼ੋਅ ਦੌਰਾਨ ਰੈਂਪ 'ਤੇ ਬਾਲੀਵੁੱਡ ਅਦਾਕਾਰਾਂ ਦੇ ਜਲਵੇ

**ਮੁੰਬਈ (ਦੇਸ ਪ੍ਰਦੇਸ ਟਾਈਮਜ਼ ਬਿਊਰੋ)-** ਕਿੰਗਫਿਸ਼ਰ ਫੈਸ਼ਨ ਸ਼ੋਅ ਦੌਰਾਨ ਰੈਂਪ 'ਤੇ ਬਾਲੀਵੁੱਡ ਅਦਾਕਾਰਾ ਤੇ ਮਾਡਲ ਪੂਜਾ ਮਿਸ਼ਰਾ, ਅਦਾਕਾਰ ਜਾਨ ਅਬ੍ਰਾਹਮ ਅਤੇ ਅਦਾਕਾਰਾ ਗੁਲ ਪਨਾਗ।






ਪਿੰਡ ਛੱਡ ਚੰਡੀਗੜ ਲੈ ਲਏ ਦਾਖਲੇ , ਓਹ ਬਾਪੂ ਉਹਦੇ ਕਰਕੇ
ਮੁੰਡੇ ਕਰਦੇ ਸੈਰ ਸਪਾਟੇ , ਬਾਪੂ ਦੇ ਨੇ ਗੀਝੇ ਪਾਟੇ ।
ਘੱਟ ਕਮਾਈ , ਉੱਤੋਂ ਮੁੰਡੇ ਪੁੱਠੇ ਰਾਹੇ ਬਈ,
ਤਾਂਹੀਂ ਤਾਂ ਅੰਨਦਾਤੇ ਮਰਦੇ, ਲੈ-ਲੈ ਫਾਹੇ ਬਈ ।
ਕਾਰਟੂਨਿਸਟ -
ਗੁਰਸ਼ਰਨਜੀਤ ਸਿੰਘ ਸ਼ੀਂਹ


ਜੇਕਰ ਅਸੀਂ ਖੁਦ ਹੀ ਐਸੇ ਬੇਤੁਕੇ ਗਾਣੇ ਸੁਣ ਕੇ ਹੱਸਾਂਗੇ.
ਬੱਚਿਆਂ ਨੂੰ ਫਿਰ ਸੋਚੋ ਕੀ ਅਸੀਂ ਦੱਸਾਂਗੇ
ਗਿਰਾਵਟ ਵਾਲੀ ਦਲਦਲ ਚ' ਨਾਂ ਧਕੇਲੋ ਪੰਜਾਬ ਨੂੰ.
'ਗੁਰਸਰਨ' ਕਹੇ ਪੰਜਾਬੀਓ ਸੰਭਾਲੋ ਪੰਜਾਬ ਨੂੰ
ਨੀਂਦ ਦੀਆਂ ਗੋਲੀਆਂ ਮੈਂ ਤੇਰੇ ਵਾਸਤੇ
ਸਾਰੇ ਟੱਬਰ ਨੂੰ ਦੁੱਧ ਚ' ਪਿਲਾਉਣੀ ਆਂ
........ਮਿਸ ਪੂਜਾ
CARTOON BY: GURSHARANJIT SINGH


ਰਾਹਤ ਦਾ ਸ.ਫਰ
2ਜੀ ਘੁਟਾਲੇ ਦੇ ਦੋਸ਼
ਹੁਣ ਠੀਕ ਹੈ!!!
ਸ਼ਿਆਮ ਜਗੋਤਾ




ਸ਼ਰਮਾ ਜੀ ਅੱਜ ਫੇਰ ਤੁਹਾਡਾ ਆਹ ਕੰਨਲ ਜਿਹਾ ਮੁੰਡਾ ਮੇਰੇ ਪੁੱਤਰ ਨੂੰ ਕੁੱਟ ਕੇ ਆ ਗਿਆ...ਮੇਰੀ ਆਖਰੀ ਵਾਰਨਿੰਗ ਹੈ। ਇਹ ਪੰਜਾਬ ਹੈ... ਕੋਈ ਆਸਟਰੇਲੀਆ ਨਹੀਂ ਕਿ ਅਸੀਂ ਬੇਵਸ ਹੋਏ ਸਹਿੰਦੇ ਜਾਵਾਂਗੇ।
Keeping Desi Roots Alive


CARTOON BY: GURSHARANJIT SINGH SHINH